3-10-1999

ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਸਮਾਜਕ ਇਨਸਾਫ਼ ਲਈ ਜਨ ਸੇਵਾ ਲਹਿਰ

ਵੱਡੇ ਲੋਕਾਂ ਦੇ ਵੱਡੇ ਤੋਂ ਵੱਡੇ ਅਪਰਾਧ ਮੁਆਫ਼ ਹੋ ਜਾਂਦੇ ਹਨ। ਹਿੰਦੋਸਤਾਨ ਦੇ ਕਾਨੂੰਨ ਵਿਚ ਏਨੀਆਂ ਚੋਰ-ਮੋਰੀਆਂ ਹਨ ਕਿ ਪੈਸੇ ਵਾਲੇ ਲੋਕ ਆਪਣੇ ਪੈਸੇ ਦੇ ਜ਼ੋਰ ਨਾਲ ਕਿਸੇ ਨਾ ਕਿਸੇ ਚੋਰ-ਮੋਰੀ ਰਾਹੀਂ ਬਰੀ ਹੋ ਜਾਂਦੇ ਹਨ। ਉਹਨਾਂ ਨੂੰ ਕਿਸੇ ਹੇਠਲੀ ਕਚਹਿਰੀ ਤੋਂ ਸਜ਼ਾ ਹੋ ਵੀ ਜਾਵੇ ਤਾਂ ਉਹ ਉਤਲੀ ਕਚਹਿਰੀ ਵਿਚ ਜਾ ਪੁੱਜਦੇ ਹਨ ਤੇ ਫੇਰ ਬਰੀ ਕਰ ਦਿੱਤੇ ਜਾਂਦੇ ਹਨ। ਆਮ ਆਦਮੀ ਦਾ ਇਨਸਾਫ਼ ਦੀਆਂ ਕਚਹਿਰੀਆਂ ਤੋਂ ਵਿਸ਼ਵਾਸ ਉੱਠ ਗਿਆ ਹੈ। ਸਾਬਕਾ ਨੇਵੀ ਦੇ ਮੁਖੀ ਦਾ ਪੋਤਰਾ ਸ਼ਰਾਬ ਪੀ ਕੇ ਗੱਡੀ ਚਲਾਉਂਦਾ ਹੈ। ਸਭ ਲੋਕਾਂ ਨੂੰ ਗੱਡੀ ਥੱਲੇ ਕੁਚਲ ਦੇਂਦਾ ਹੈ ਪਰ ਹੁਣ ਇਕ ਐਸੇ ਚਸ਼ਮਦੀਦ ਗਵਾਹ ਨੂੰ ਖੜ੍ਹਾ ਕਰ ਲਿਆ ਗਿਆ ਹੈ ਜੋ ਸਾਰੀ ਵਾਰਦਾਤ ਨੂੰ ਹੀ ਝੁਠਲਾ ਰਿਹਾ ਹੈ। ਪੰਜਾਬ ਦੇ ਇਕ ਵਜ਼ੀਰ ਦੇ ਕਾਕੇ ਨੇ ਬਲਾਤਕਾਰ ਕੀਤਾ। ਆਖ਼ਰ ਵਿਚ ਬੜਾ ਚਰਚਾ ਹੋਇਆ। ਉਹ ਪਹਿਲੇ ਤਾਂ ਗ੍ਰਿਫ਼ਤਾਰੀ ਦੇ ਡਰ ਤੋਂ ਗੁੰਮ ਰਿਹਾ ਤੇ ਫੇਰ ਕਚਹਿਰੀ ਵਿਚ ਪੇਸ਼ ਹੋਇਆ। ਉਸ ਵੇਲੇ ਤੱਕ ਉਹਨੇ ਬੰਦੋਬਸਤ ਕਰ ਲਿਆ ਸੀ ਕਿ ਜਿਸ ਕੁੜੀ ਨਾਲ ਬਲਾਤਕਾਰ ਹੋਇਆ ਹੈ, ਜਾਂ ਉਹਦੀ ਮਾਂ ਬਿਆਨ ਬਦਲ ਲਵੇ ਤਾਂ ਜੋ ਵਜ਼ੀਰ ਦੇ ਕਾਕੇ ਨੂੰ ਆਂਚ ਨਾ ਆਵੇ। ਇਸ ਤਰ੍ਹਾਂ ਸਾਰਾ ਕਾਨੂੰਨ ਅਤੇ ਪੁਲਸ ਦਾ ਢਾਂਚਾ ਵੱਡੇ ਬੰਦਿਆਂ ਦਾ ਹੱਥ-ਠੋਕਾ ਬਣ ਕੇ ਰਹਿ ਗਿਆ ਹੈ। ਉਲਟ ਗਰੀਬ ਬੰਦਿਆਂ ਦੀ ਥਾਣਿਆਂ ਵਿਚ ਕੁਟਾਈ ਵਧ ਗਈ ਹੈ। ਪੁਲਸ ਅਫ਼ਸਰਾਂ ਦੀਆਂ ਟੀ.ਵੀ. ਵਿਚ ਇੰਟਰਵਿਊਆਂ ਆਉਂਦੀਆਂ ਹਨ। ਪਤਾ ਲੱਗਦਾ ਹੈ ਕਿ ਉਹ ਬਹੁਤ ਕੁਝ ਕਰਨਾ ਚਾਹੁੰਦੇ ਹਨ ਪਰ ਉਹਨਾਂ ਦੇ ਹੱਥ ਵੀ ਬੰਨ੍ਹੇ ਹੋਏ ਹਨ। ਇਹ ਸਾਰਾ ਪ੍ਰਬੰਧ ਗਰੀਬ ਦੁਸ਼ਮਣ ਪ੍ਰਬੰਧ ਵਿਚ ਬਦਲ ਗਿਆ ਹੈ। ਫੇਰ ਕੀਤਾ ਕੀ ਜਾਏ? ਇਹ ਚਿੰਤਕਾਂ ਦਾ ਫ਼ਿਕਰ ਬਣਕੇ ਉਭਰ ਰਿਹਾ ਹੈ।

ਹੁਣ ਇਹ ਗੱਲ ਤਾਂ ਕੋਈ ਠੀਕ ਨਹੀਂ ਕਿ ਹਾਰੀ ਹੋਈ ਮਾਨਸਿਕਤਾ ਬਣਾ ਕੇ ਹੱਥ ਖੜ੍ਹੇ ਕਰ ਦਿੱਤੇ ਜਾਣ ਜਿਸ ਤਰ੍ਹਾਂ ਸਭ ਕੁਝ ਚੱਲਦਾ ਹੈ, ਚੱਲਣ ਦਿੱਤਾ ਜਾਏ। ਚਾਰੇ ਪਾਸੇ ਹਰ ਅਵਾਮੀ ਜਲਸੇ ਵਿਚ ਲੋਕਾਂ ਨੂੰ ਸੰਘਰਸ਼ ਲਈ ਸੱਦਾ ਦੇਂਦੇ ਹਾਂ ਪਰ ਲੋਕ ਸੰਘਰਸ਼ ਕਿਹੜੇ ਫੋਰਮ ਤੋਂ ਕਰਨ? ਇਹਦੀ ਰੂਪ-ਰੇਖਾ ਹਾਲੀ ਪੂਰੀ ਤਰ੍ਹਾਂ ਸਾਫ਼ ਨਹੀਂ। ਯੂਨੀਅਨਾਂ ਵਾਲੇ ਲੋਕ ਆਪਣੇ ਵਰਗ ਲਈ ਤਾਂ ਕੰਮ ਕਰਦੇ ਹਨ, ਭਾਵੇਂ ਉਹ ਬਿਜਲੀ ਕਾਮਿਆਂ ਦੇ ਹੋਣ ਜਾਂ ਰੋਡਵੇਜ਼ ਵਾਲਿਆਂ ਦੇ ਹੋਣ ਜਾਂ ਡਾਕਟਰਾਂ ਦੇ ਵੀ ਹੋਣ, ਪਰ ਆਮ ਆਦਮੀ ਕੋਲ ਤਾਂ ਕੋਈ ਫੋਰਮ ਨਹੀਂ ਹੈ। ਇਹਦੇ ਵੱਲ ਧਿਆਨ ਦੇਣਾ ਜ਼ਰੂਰੀ ਹੈ।

ਸਮਾਜ ਸੇਵਾ ਜਥੇਬੰਦੀਆਂ ਬਣਾਉਣੀਆਂ ਸਾਡੇ ਸਮਾਜ ਵਿਚ ਰਿਵਾਜ਼ ਹੈ। ਅਸੀਂ ਯਤੀਮਖ਼ਾਨੇ, ਪਿੰਗਲਵਾੜੇ ਆਦਿਕ ਦੁਖੀ ਲੋਕਾਂ ਦੀ ਸੇਵਾ ਲਈ ਬਣਾਏ ਹਨ। ਧਾਰਮਕ ਕੰਮਾਂ ਲਈ ਵੀ ਸੇਵਾ ਦਲ ਬਣਾਏ ਹਨ। ਇਨ੍ਹਾਂ ਸੇਵਾ ਦਲਾਂ ਦੇ ਵਾਲੰਟੀਅਰ ਹਰ ਇਕ ਧਾਰਮਕ ਸਮਾਗਮ 'ਤੇ ਸੇਵਾ ਕਰਦੇ ਹਨ। ਹੁਣ ਲੋੜ ਹੈ ਇਕ ਐਸੀ ਸੰਸਥਾ ਦੀ ਜਿਹੜੀ ਆਮ ਲੋਕਾਂ ਦੀ ਲੋੜ ਪੈਣ 'ਤੇ ਸੇਵਾ ਕਰੇ। ਪੁਲਸ ਵਾਲੇ ਇਕ ਬੇਦੋਸ਼ੇ ਨੂੰ ਫੜ ਕੇ ਲੈ ਗਏ ਹਨ। ਉਹਦੇ ਕੋਲੋਂ ਪੈਸੇ ਦੀ ਉਗਰਾਹੀ ਕੀਤੇ ਬਿਨਾ ਛੱਡਣਗੇ ਨਹੀਂ।

ਹਸਪਤਾਲਾਂ ਵਿਚ ਗ਼ਲਤ ਰਵਾਇਤਾਂ ਚੱਲਦੀਆਂ ਹਨ। ਗਰੀਬ ਬੰਦਾ ਇਲਾਜ ਖੁਣੋਂ ਰਹਿ ਜਾਂਦਾ ਹੈ। ਕਚਹਿਰੀਆਂ ਤਾਂ ਹਨ ਹੀ ਪੂਰੀ ਪੈਸੇ ਦੀ ਖੇਡ। ਸਕੂਲਾਂ- ਕਾਲਜਾਂ ਵਿਚ ਵੀ ਦਾਖਲੇ ਵੇਲੇ ਬਹੁਤ ਵਾਰੀ ਹੇਰਾਫੇਰੀਆਂ ਹੋ ਜਾਂਦੀਆਂ ਹਨ। ਲੋਕ ਬੁੜ-ਬੁੜ ਕਰਦੇ ਹਨ ਪਰ ਕਰ ਕੁਝ ਨਹੀਂ ਸਕਦੇ। ਇਹਨਾਂ ਹਕੀਕਤਾਂ ਦੇ ਮੱਦੇਨਜ਼ਰ ਅਜਿਹੀਆਂ ਵਾਲੰਟੀਅਰ ਸੰਸਥਾਵਾਂ ਦੀ ਲੋੜ ਹੈ ਜਿਹਨਾਂ ਦੇ ਬਕਾਇਦਾ ਦਫ਼ਤਰ ਹੋਣ। ਇਹ ਦਫ਼ਤਰ ਕਿਸੇ ਘਰ ਵਿਚ ਵੀ ਹੋ ਸਕਦਾ ਹੈ। ਇਹ ਪਤਾ ਹੋਵੇ ਕਿ ਕਿਸੇ ਤਕਲੀਫ਼ ਵੇਲੇ ਉੱਥੇ ਜਾ ਕੇ ਫਰਿਆਦ ਹੋ ਸਕਦੀ ਹੈ। ਜਿਸ ਤਰ੍ਹਾਂ ਪੁਲਸ ਮਦਦ ਲਈ 100 ਨੰਬਰ 'ਤੇ ਫੋਨ ਕੀਤਾ ਜਾ ਸਕਦਾ ਹੈ, ਇਸ ਤਰ੍ਹਾਂ ਇਸ ਵਾਲੰਟੀਅਰ ਸੰਸਥਾ ਦਾ ਨੰਬਰ ਹੋ ਸਕਦਾ ਹੈ। ਇਸ ਸਵੈ-ਸੇਵਾ ਸੰਸਥਾ ਵਿਚ ਵਕੀਲ, ਡਾਕਟਰ, ਪ੍ਰੋਫੈਸਰ ਤੇ ਹੋਰ ਲੋਕ ਹੋ ਸਕਦੇ ਹਨ। ਇਹਨਾਂ ਦਾ ਕੰਮ ਹੋਵੇ ਕਿ ਉਹ ਲੋੜ ਪੈਣ 'ਤੇ ਆਪਣੇ ਹੋਰ ਕੰਮ ਛੱਡ ਕੇ ਦੁਖੀ ਬੰਦੇ ਦੀ ਮਦਦ ਕਰਨਗੇ। ਖੱਬੀ ਵਿਚਾਰਧਾਰਾ ਦੇ ਧਾਰਨੀ ਬੁੱਧੀਜੀਵੀਆਂ ਲਈ ਇਹ ਕੰਮ ਖਾਸ ਤੌਰ 'ਤੇ ਕਰਨਾ ਬਣਦਾ ਹੈ।

ਅਸੀਂ ਜਨ ਚੇਤਨਾ ਮੰਚ ਉਸਾਰਨ ਵੱਲ ਜਿੱਥੇ ਧਿਆਨ ਦੇਂਦੇ ਹਨ, ਉਥੇ ਜਨਸੇਵਾ ਮੰਚ ਉਸਾਰਨ ਦਾ ਵੀ ਯਤਨ ਕਰੀਏ। ਲੋਕਾਂ ਨੂੰ ਅਮਲੀ ਕੰਮ ਕਰਕੇ ਇਸ ਗਰੀਬ ਦੁਸ਼ਮਣ ਸਮਾਜ ਦੀ ਅਸਲੀਅਤ ਬਾਰੇ ਚੇਤੰਨ ਕਰੀਏ। ਆਮ ਆਦਮੀ ਮਾਯੂਸ ਹੋ ਕੇ ਹਾਰੀ ਹੋਈ ਮਾਨਸਿਕਤਾ ਦਾ ਸ਼ਿਕਾਰ ਹੋ ਰਿਹਾ ਹੈ। ਉਹਦਾ ਯਕੀਨ ਹੀ ਨਹੀਂ ਰਿਹਾ ਕਿ ਇਸ ਸਿਸਟਮ ਦੇ ਵਿਰੁੱਧ ਕੁਝ ਕੀਤਾ ਜਾ ਸਕਦਾ ਹੈ। ਜਨ ਸੇਵਾ ਮੰਚ ਜੇਕਰ ਥਾਂ-ਥਾਂ 'ਤੇ ਉਸਾਰੇ ਜਾ ਸਕਣ ਤਾਂ ਇਹ ਯਕੀਨ ਬਣਾਇਆ ਜਾ ਸਕਦਾ ਹੈ ਕਿ ਇਕੱਠੇ ਹੋ ਕੇ ਕੰਮ ਕਰੀਏ ਤਾਂ ਇਸ ਸਿਸਟਮ ਨੂੰ ਸਮਾਜਕ ਨਿਆਂ ਦੇ ਹਿੱਤ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਆਪਣੇ-ਆਪਣੇ ਪੱਧਰ 'ਤੇ ਕੁੱਝ ਲੋਕ ਕੰਮ ਵੀ ਕਰ ਰਹੇ ਹਨ। ਮਹਿਲ ਕਲਾਂ ਦੀ ਕਿਰਨਜੀਤ ਦੇ ਕੇਸ ਵਾਲੀ ਐਕਸ਼ਨ ਕਮੇਟੀ, ਹੁਣੇ-ਹੁਣੇ ਬਟਾਲਾ ਅਤੇ ਗੁਰਦਾਸਪੁਰ ਵਿਚ ਇਕ ਬੇਟੀ ਦੇ ਕਤਲ ਦੇ ਬਾਅਦ ਹੋਂਦ ਵਿਚ ਆਈ ਐਕਸ਼ਨ ਕਮੇਟੀ ਆਦਿਕ। ਇਨਸਾਫ਼ ਦੀ ਪ੍ਰਾਪਤੀ ਲਈ, ਵਿਧਾਨਕ ਹੱਕਾਂ ਦੀ ਰਖਵਾਲੀ ਲਈ, ਜਬਰ ਦੇ ਵਿਰੁੱਧ ਸੰਘਰਸ਼ ਲਈ, ਦੁਖੀ ਲੋਕਾਂ ਦੀ ਆਮ ਮਦਦ ਲਈ, ਇਕ ਜਨ-ਸੇਵਾ ਲਹਿਰ ਜਥੇਬੰਦ ਕਰਨੀ ਸਮੇਂ ਦੀ ਲੋੜ ਹੈ? ਆਮ ਬੰਦੇ ਦੀ ਹਾਰੀ ਹੋਈ ਮਾਨਸਿਕਤਾ ਨੂੰ ਸੰਘਰਸ਼ ਦੀ ਮਾਨਸਿਕਤਾ ਵਿਚ ਬਦਲਣਾ ਸਮੁੱਚੇ ਸਮਾਜ ਦੀ ਬੇਹਤਰੀ ਲਈ ਜ਼ਰੂਰੀ ਹੈ।